# ਪੰਡਿਤ ਹਰਦਿਆਲ ਜੀ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

ਭਾਈ ਸਾਹਿਬ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਲਿੱਖਿਆ ਹੈ : -

ਕਲਿ ਤਾਰਣਿ ਗੁਰੁ ਨਾਨਕੁ ਆਇਆ ॥ [੧]

ਜਿਨ੍ਹਾਂ ਦੇ ਮੱਥੇ 'ਤੇ ਧੁਰੋਂ ਹੀ ਬਖ਼ਸ਼ਿਸ਼ ਭਰੇ ਲੇਖ ਲਿਖੇ ਹੋਏ ਸਨ, ਉਨ੍ਹਾਂ ਨੇ ਇਸ ਹਕੀਕਤ ਨੂੰ ਜਾਣ ਲਿਆ ਕਿ ਕਲਿਯੁਗ ਦੇ ਜੀਵਾਂ ਨੂੰ ਸਹੀ ਰਸਤੇ 'ਤੇ ਪਾਉਣ ਲਈ ਹੀ ਗੁਰੂ ਨਾਨਕ ਦੇਵ ਜੀ ਇਸ ਸੰਸਾਰ ਵਿੱਚ ਆਏ ਸਨ । ਭਾਗਾਂ ਵਾਲੇ ਅਜਿਹੇ ਵਿਅਕਤੀਆਂ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਪਾਸੋਂ ਉਪਦੇਸ਼ ਲਿਆ ਤੇ ਇੰਝ ਉਹ ਇਸ ਭਵਸਾਗਰ ਤੋਂ ਤਰ ਗਏ ।

ਅਜਿਹੇ ਵੱਡਭਾਗੇ ਜੀਵਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ, ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਰੂਹਾਨੀਅਤ ਨੂੰ ਪਹਿਚਾਣ ਲਿਆ ਤੇ ਗੁਰੂ ਜੀ ਪਾਸੋਂ ਉਪਦੇਸ਼ ਪ੍ਰਾਪਤ ਕੀਤਾ । ਬਖ਼ਸ਼ਿਸ਼ ਪ੍ਰਾਪਤ ਅਜਿਹੇ ਕੁੱਝ ਵਿਅਕਤੀਆਂ ਦਾ ਜ਼ਿਕਰ ਗੁਰੂ-ਇਤਿਹਾਸ ਦੀਆਂ ਪੁਸਤਕਾਂ ਵਿੱਚ ਮਿਲਦਾ ਹੈ । ਲੱਖਾਂ ਅਜਿਹੇ ਵਿਅਕਤੀ ਵੀ ਸਨ, ਜੋ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਦੇ ਧਾਰਨੀ ਬਣੇ, ਪਰ ਉਨ੍ਹਾਂ ਦੇ ਨਾਮ ਕਦੇ ਵੀ ਕਿਸੇ ਪੁਸਤਕ ਵਿੱਚ ਨਹੀਂ ਆ ਸਕੇ ।[੨] ਅਸੀਂ ਕਦੇ ਵੀ ਅਜਿਹੇ ਅਣ-ਜਾਣੇ ਵਿਅਕਤੀਆਂ ਬਾਰੇ ਨਹੀਂ ਜਾਣ ਸਕਾਂਗੇ ।

ਗੁਰੂ-ਕਾਲ ਵਿੱਚ ਕਈ ਅਜਿਹੇ ਵਿਅਕਤੀ ਵੀ ਹੋਏ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਤੋਂ ਉਪਦੇਸ਼ ਪ੍ਰਾਪਤ ਕੀਤਾ, ਪਰ ਕੁੱਝ ਕਾਰਣਾਂ ਕਰਕੇ ਇਤਿਹਾਸ-ਕਾਰਾਂ ਨੇ ਉਨ੍ਹਾਂ ਬਾਰੇ ਵਿਸ਼ੇਸ਼ ਰੂਪ ਵਿੱਚ ਘੱਟ ਹੀ ਲਿੱਖਿਆ ਹੈ, ਜਾਂ ਇਉਂ ਕਹਿ ਲਉ ਕਿ ਉਨ੍ਹਾਂ ਨੂੰ ਪੁਸਤਕਾਂ ਵਿੱਚ ਉਨ੍ਹਾਂ ਦਾ ਬਣਦਾ ਸਥਾਨ ਨਹੀਂ ਦਿੱਤਾ । ਨਵੀਨ ਲੇਖਕਾਂ ਨੇ ਤਾਂ ਅਜਿਹੇ ਵਿਅਕਤੀਆਂ ਨੂੰ ਉਨ੍ਹਾਂ ਦਾ ਬਣਦਾ ਸਥਾਨ ਦੇਣ ਦੀ ਜਗ੍ਹਾ ਉਨ੍ਹਾਂ ਬਾਰੇ ਗ਼ਲਤ-ਬਿਆਨੀ ਕਰਨ ਵਿੱਚ ਵੀ ਸੰਕੋਚ ਨਹੀਂ ਦਿਖਾਇਆ । ਅਜਿਹਾ ਕਰਨ ਦੇ ਕਾਰਣ ਮੌਜੂਦ ਹਨ, ਪਰ ਇੱਥੇ ਉਨ੍ਹਾਂ ਕਾਰਣਾਂ ਦੀ ਚਰਚਾ ਕਰਨਾ ਸਾਡੇ ਹੱਥਲੇ ਵਿਸ਼ੇ ਤੋਂ ਬਾਹਰ ਦੀ ਗੱਲ ਹੈ ।

---

[੧] ਵਾਰ ਪਹਿਲੀ, ਪਉੜੀ ੨੩ ।

[੨] ਅਜਿਹਾ ਸੰਭਵ ਵੀ ਨਹੀਂ ਸੀ ਕਿ ਇੰਨੇ ਸਾਰੇ ਵਿਅਕਤੀਆਂ ਦੇ ਨਾਮ ਲਿੱਖ ਕੇ ਸਾਂਭ ਲਏ ਜਾਂਦੇ ।

ਅਜਿਹੇ ਹੀ ਅਣਗੌਲੇ ਵਿਅਕਤੀ ਹਨ ਪੰਡਿਤ ਹਰਦਿਆਲ ਜੀ, ਜਿਨ੍ਹਾਂ ਨੂੰ ਉਸ ਸਮੇਂ ਤੋਂ ਹੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ, ਜਦੋਂ ਗੁਰੂ ਸਾਹਿਬ ਦੀ ਸ਼ਾਰੀਰਿਕ ਉਮਰ ਚੌਵੀ ਘੰਟੇ ਤੋਂ ਵੀ ਘੱਟ ਸੀ।

ਗੁਰੂ-ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਪ੍ਰਾਪਤ ਤੱਥਾਂ ਅਨੁਸਾਰ ਪੰਡਿਤ ਹਰਦਿਆਲ ਜੀ ਅਜਿਹੇ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਰੱਬੀ-ਜੋਤਿ ਨੂੰ ਪਹਿਚਾਣਿਆ। ਪੰਡਿਤ ਹਰਦਿਆਲ ਜੀ ਨੇ ਉਦੋਂ ਅਜੇ ਗੁਰੂ ਸਾਹਿਬ ਜੀ ਦੇ ਦਰਸ਼ਨ ਵੀ ਨਹੀਂ ਸਨ ਕੀਤੇ, ਜਦੋਂ ਉਨ੍ਹਾਂ ਨੇ ਇਹ ਐਲਾਨ ਕੀਤਾ ਕਿ ਇਹ (ਗੁਰੂ ਸਾਹਿਬ) ਕੋਈ ਅਵਤਾਰੀ ਸ਼ਿਸ਼ੂ ਹੈ। ਪੰਡਿਤ ਜੀ ਦਾ ਵੀਚਾਰ ਸੀ ਕਿ ਵਿਸ਼ਨੂੰ ਜਾਂ ਸ਼ਿਵ ਨੇ ਇਸ ਸੰਸਾਰ ਵਿੱਚ ਗੁਰੂ ਜੀ ਦੇ ਰੂਪ ਵਿੱਚ ਜਨਮ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਸ਼ਿਸ਼ੂ ਦੇ ਸਿਰ 'ਤੇ ਛਤਰ ਝੂੱਲੇਗਾ ਤੇ ਇਹ ਲੋਕਾਂ ਨੂੰ ਭਵਸਾਗਰ ਤੋਂ ਪਾਰ ਕਰੇਗਾ। ਪੰਡਿਤ ਹਰਦਿਆਲ ਜੀ ਨੇ ਇਹ ਵੀ ਆਖਿਆ ਕਿ ਇਹ ਸ਼ਿਸ਼ੂ ਦਿਗਵਿਜੈ ਕਰੇਗਾ, ਇਸ ਵਿੱਚ ਕੋਈ ਸ਼ੰਕਾ ਨਹੀਂ।

ਜ਼ਾਹਿਰ ਹੈ ਕਿ ਗੁਰੂ ਨਾਨਕ ਦੇਵ ਜੀ ਬਾਰੇ ਅਜਿਹੇ ਵਚਨ ਕਹਿਣ ਵਾਲੇ ਪੰਡਿਤ ਹਰਦਿਆਲ ਦੇ ਮਨ ਵਿੱਚ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਦੀ ਜ਼ੋਰਦਾਰ ਇੱਛਾ ਵੀ ਪੈਦਾ ਹੋਣੀ ਹੀ ਸੀ। ਉਨ੍ਹਾਂ ਨੇ ਉਸੇ ਵਕਤ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨੇ ਚਾਹੇ। ਉਨ੍ਹਾਂ ਨੇ ਗੁਰੂ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੂੰ ਕਿਹਾ ਕਿ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਾਉ। ਪਿਤਾ ਕਾਲੂ ਜੀ ਨੇ ਦੌਲਤਾਂ ਦਾਈ ਨੂੰ ਕਿਹਾ ਕਿ ਗੁਰੂ ਸਾਹਿਬ ਜੀ ਨੂੰ ਉਥੇ ਲੈ ਕੇ ਆਉਣ। ਜਦੋਂ ਦੌਲਤਾਂ ਅੰਦਰਲੇ ਕਮਰੇ ਅੰਦਰ ਗੁਰੂ ਸਾਹਿਬ ਜੀ ਨੂੰ ਲੈਣ ਗਈ, ਤਾਂ ਗੁਰੂ ਜੀ ਦੀ ਮਾਤਾ ਤ੍ਰਿਪਤਾ ਜੀ ਨੇ ਨਵਜੰਮੇ ਸ਼ਿਸ਼ੂ ਨੂੰ ਬਾਹਰ ਭੇਜਣ ਤੋਂ ਨਾਂਹ ਕਰ ਦਿੱਤੀ।

ਕਲਿਯੁਗ ਦੇ ਜੀਵਾਂ ਨੂੰ ਤਾਰਣ ਲਈ ਜ਼ਾਹਰ ਪੀਰ, ਜਗਤ ਗੁਰੂ ਇਸ ਸੰਸਾਰ ਵਿੱਚ ਪ੍ਰਗਟ ਹੋ ਚੁੱਕੇ ਹੋਣ, ਪੰਡਿਤ ਹਰਦਿਆਲ ਜੀ ਨੂੰ ਇਸ ਬਾਰੇ ਜਾਣਕਾਰੀ ਵੀ ਹੋਏ, ਤੇ ਉਹ ਗੁਰੂ ਜੀ ਦੇ ਦਰਸ਼ਨ ਕੀਤੇ ਬਿਨ੍ਹਾਂ ਘਰ ਪਰਤ ਜਾਣ, ਅਜਿਹਾ ਸੰਭਵ ਹੀ ਨਹੀਂ ਸੀ। ਪੰਡਿਤ ਹਰਦਿਆਲ ਜੀ ਨੇ ਵਾਰ-ਵਾਰ ਕਾਲੂ ਜੀ ਨੂੰ ਕਿਹਾ ਕਿ ਉਹ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ।

ਆਖ਼ਿਰਕਾਰ, ਪੰਡਿਤ ਹਰਦਿਆਲ ਜੀ ਦੀ ਗੱਲ ਮੰਨਣੀ ਹੀ ਪਈ। ਕੁੱਝ ਘੰਟੇ ਪਹਿਲਾਂ ਪੈਦਾ ਹੋਏ ਸ਼ਿਸ਼ੂ ਨੂੰ ਪੰਡਿਤ ਹਰਦਿਆਲ ਜੀ ਦੇ ਕੋਲ ਲਿਜਾਇਆ ਗਿਆ। ਸ਼ਿਸ਼ੂ-ਗੁਰੂ ਨੂੰ ਦੇਖ ਕੇ ਪੰਡਿਤ ਹਰਦਿਆਲ ਜੀ ਨੂੰ ਬਹੁਤ ਖ਼ੁਸ਼ੀ ਹੋਈ। ਪੰਡਿਤ ਜੀ ਗੁਰੂ ਸਾਹਿਬ ਜੀ ਨੂੰ ਦੇਖ ਕੇ ਖੜੇ ਹੋ ਗਏ। ਅਤਿ ਪ੍ਰੇਮ ਵਿੱਚ ਉਨ੍ਹਾਂ ਦਾ ਮਨ ਭਿੱਜ ਗਿਆ। ਨਵ-ਜਨਮਿਆ ਸ਼ਿਸ਼ੂ ਸੱਚਮੁੱਚ ਹੀ ਜਗਤ-ਗੁਰੂ ਹੈ, ਇਸ ਗੱਲ ਦਾ ਸਪਸ਼ਟ ਸੰਕੇਤ ਦਿੰਦਿਆਂ ਵੱਡੀ ਉਮਰ ਦੇ ਪੰਡਿਤ ਹਰਦਿਆਲ ਜੀ ਨੇ ਗੁਰੂ ਸਾਹਿਬ ਜੀ ਨੂੰ ਮੱਥਾ ਟੇਕਿਆ। ਆਪਣੇ ਗ੍ਰੰਥ 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿੱਚ ਭਾਈ ਸੰਤੋਖ ਸਿੰਘ ਜੀ ਲਿੱਖਦੇ ਹਨ : -

ਦਿਜਬਰ ਅਤਿ ਮਤਿਵਾਨ, ਮਨ ਸਰਬ ਲਿੰਗ ਪਹਿਚਾਨ । ਹੇਰਤਿ ਉਰ
ਹਰਖਤਿ ਸਰਸ ਠਾਢਾ ਭਯੋ ਸੁਜਾਨ ॥੨੫॥ ਚੌਪਈ ॥ ਪੁਲਕ੍ਯੋ ਪਰਮ
ਪ੍ਰੇਮ ਮਹਿਂ ਮਨੂਆ । ਬੰਦਨ ਕਰਿ ਜਾਨ੍ਯੋ ਨਿਜ ਧਨੂਆ । ਜਿਉ ਜਨ
ਇਸ਼ਟ ਦੇਵ ਕੋ ਦੇਖੀ । ਤਿਉ ਉਰ ਮਹਿਂ ਭਾ ਮੋਦ ਬਿਸ਼ੇਖੀ ॥੨੬॥ [੩]

ਭਾਵ, ਬਹੁਤ ਬੁੱਧੀਮਾਨ ਸ਼੍ਰੇਸ਼ਟ ਬ੍ਰਾਹਮਣ ਆਪਣੇ ਮਨ ਵਿੱਚ (ਗੁਰੂ ਸਾਹਿਬ ਜੀ ਦੇ ਸ਼ਰੀਰ ਦੇ) ਸਾਰੇ ਚਿੰਨ੍ਹਾਂ ਨੂੰ ਪਹਿਚਾਣਦਿਆਂ (ਗੁਰੂ ਸਾਹਿਬ ਜੀ ਨੂੰ) ਦੇਖ ਕੇ ਮਨ ਹੀ ਮਨ ਪ੍ਰਸੰਨ ਹੁੰਦਾ ਹੋਇਆ ਖੜ੍ਹਾ ਹੋ ਗਿਆ । ਬਹੁਤ ਪ੍ਰੇਮ ਵਿੱਚ ਉਸ ਦਾ ਮਨ ਭਿੱਜ ਗਿਆ । ਆਪਣੇ ਆਪ ਨੂੰ ਧੰਨ ਮੰਨਦਿਆਂ ਉਸ ਨੇ ਨਮਸ਼ਕਾਰ ਕੀਤੀ । ਜਿਵੇਂ ਕੋਈ ਦਾਸ ਆਪਣੇ ਇਸ਼ਟ-ਦੇਵ ਨੂੰ ਦੇਖ ਲਏ, ਉਵੇਂ ਹੀ ਉਹ ਆਪਣੇ ਮਨ ਵਿੱਚ ਬਹੁਤ ਖ਼ੁਸ਼ ਹੋਇਆ ।

ਪੰਡਿਤ ਜੀ ਨੇ ਜੀਅ ਭਰ ਕੇ ਗੁਰੂ ਜੀ ਦੇ ਦਰਸ਼ਨ ਕੀਤੇ । ਉਨ੍ਹਾਂ ਦੀ ਖ਼ੁਸ਼ੀ ਦੀ ਕੋਈ ਹੱਦ ਹੀ ਨਹੀਂ ਸੀ । ਖ਼ੁਸ਼ੀ ਤਾਂ ਹੋਣੀ ਹੀ ਸੀ । ਆਪਣੀ ਪਿੱਛਲੀ ਉਮਰ ਵਿੱਚ ਹੀ ਸਹੀ, ਉਨ੍ਹਾਂ ਨੂੰ ਉਸ ਜਗਤ-ਗੁਰੂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋ ਗਿਆ ਸੀ, ਜਿਸ ਦਾ ਇੰਤਜ਼ਾਰ ਇਹ ਸ੍ਰਿਸ਼ਟੀ ਕਰ ਰਹੀ ਸੀ । ਸ਼ਿਸ਼ੂ ਗੁਰੂ ਜੀ ਦੇ ਗੁਲਾਬੀ ਪੈਰ, ਲੰਬੀਆਂ ਬਾਹਾਂ, ਲਾਲ ਨਾਖੁਨ, ਲੰਬੀਆਂ ਉਂਗਲਾਂ, ਅਰਧ-ਚੰਦਰਾਕਾਰ ਮੱਥਾ, ਧਨੁਖ ਵਰਗੇ ਭਰਵੱਟੇ, ਗੋਲ-ਮਟੋਲ ਗੱਲਾਂ ਦੇਖ ਕੇ ਖ਼ੁਸ਼ੀ ਵਿੱਚ ਭਰੇ ਪੰਡਿਤ ਜੀ ਬੋਲ ਉਠੇ, "ਐ ਕਾਲੂ ! ਸੁਣ । ਤੇਰਾ ਪੁੱਤਰ ਬਹੁਤ ਸੁੰਦਰ ਹੈ" ।

ਜਦੋਂ ਪੰਡਿਤ ਜੀ ਨੇ ਗੁਰੂ ਸਾਹਿਬ ਜੀ ਦੇ ਜੀਅ ਭਰ ਕੇ ਦਰਸ਼ਨ ਕਰ ਲਏ, ਤਾਂ ਗੁਰੂ ਸਾਹਿਬ ਜੀ ਨੂੰ ਉਨ੍ਹਾਂ ਦੀ ਮਾਤਾ ਜੀ ਕੋਲ ਭੇਜ ਦਿੱਤਾ ਗਿਆ । ਮਹਿਤਾ ਕਾਲੂ ਜੀ ਨੇ ਪੰਡਿਤ ਜੀ ਨੂੰ ਗੁਰੂ ਸਾਹਿਬ ਜੀ ਦਾ ਨਾਮ ਰੱਖਣ ਲਈ ਕਿਹਾ । ਪ੍ਰਚੱਲਿਤ ਰੀਤੀ ਅਨੁਸਾਰ ੧੩ ਦਿਨਾਂ ਬਾਅਦ ਪੰਡਿਤ ਹਰਦਿਆਲ ਜੀ ਨੇ ਗੁਰੂ ਜੀ ਦਾ ਨਾਮ 'ਨਾਨਕ' ਰੱਖਿਆ ।

ਮਹਿਤਾ ਕਾਲੂ ਜੀ ਕਹਿਣ ਲੱਗੇ, "ਹੇ ਬ੍ਰਾਹਮਣ, ਇਹ ਨਾਮ ਨਾ ਰੱਖੋ । ਇਹ ਤਾਂ ਹਿੰਦੂਆਂ ਤੇ ਮੁਸਲਮਾਨਾਂ ਦਾ ਰਲਿਆ-ਮਿਲਿਆ ਜਿਹਾ ਨਾਮ ਹੈ । ਕੋਈ ਹੋਰ ਅਜਿਹਾ ਨਾਮ ਰੱਖ ਦਿਉ, ਜੋ ਹਿੰਦੂਆਂ ਵਿੱਚ ਪ੍ਰਚੱਲਿਤ ਹੋਏ" ।

ਪੰਡਿਤ ਹਰਦਿਆਲ ਜੀ ਨੇ ਜਵਾਬ ਦਿੱਤਾ, "ਤੇਰਾ ਪੁੱਤਰ ਵੱਡਾ ਅਵਤਾਰ ਹੈ । ਰਾਮ ਤੇ ਕ੍ਰਿਸ਼ਨ ਅਵਤਾਰ ਹੋਏ ਹਨ, ਪਰ ਉਨ੍ਹਾਂ ਨੂੰ ਕੇਵਲ ਹਿੰਦੂ ਹੀ ਮੰਨਦੇ ਹਨ, ਮੁਸਲਮਾਨ ਨਹੀਂ । ਇਸ ਸ਼ਿਸ਼ੂ (ਗੁਰੂ ਸਾਹਿਬ) ਨੂੰ ਹਿੰਦੂ ਤੇ ਮੁਸਲਮਾਨ, ਦੋਵੇਂ, ਗੁਰੂ ਮੰਨਣਗੇ । ਇਸ ਦੇ ਚਰਨ ਬੇੜੇ ਵਾਂਗੂੰ ਹਨ । ਜੋ ਇਸ ਦੇ ਚਰਨੀਂ ਲੱਗੇਗਾ, ਉਹ ਭਵਸਾਗਰ ਤੋਂ ਪਾਰ ਹੋ ਜਾਏਗਾ । ਇਹ ਲੋਕਾਂ ਨੂੰ ਪ੍ਰਭੂ-ਨਾਮ ਦਾ ਦਾਨ ਦਏਗਾ । ਧਰਤੀ, ਪਰਬਤ ਤੇ ਸਾਗਰ

---

[੩] ਪੂਰਬਾਰਧ ਅਧ੍ਯਾਯ ੪, ਸ੍ਰੀ ਗੁਰ ਨਾਨਕ ਪ੍ਰਕਾਸ਼ ।

ਇਸ ਨੂੰ ਰਸਤਾ ਦੇਣਗੇ । ਹਿੰਦੂ ਤੇ ਮੁਸਲਮਾਨ ਇਸ ਦਾ ਜਾਪ ਕਰਨਗੇ । ਹੇ ਕਾਲੂ, ਮੇਰੀ ਗੱਲ ਨੂੰ ਝੂਠ ਨਾ ਸਮਝੀਂ । ਮੈਂ ਜੋ ਕਿਹਾ ਹੈ, ਉਹ ਸੱਚ ਹੈ । ਇਹ ਸਭ ਹੋ ਕੇ ਰਹੇਗਾ" ।

ਇਹ ਸੁਣ ਕੇ ਪਿਤਾ ਕਾਲੂ ਜੀ ਬੜੇ ਖ਼ੁਸ਼ ਹੋਏ ।

ਘਰ ਵਾਪਿਸ ਜਾਂਦਿਆਂ ਪੰਡਿਤ ਜੀ ਮਨ ਹੀ ਮਨ ਵੀਚਾਰ ਕਰ ਰਹੇ ਸਨ । ਮਨ ਵਿੱਚ ਆਏ ਖ਼ਿਆਲਾਂ ਨਾਲ ਪੰਡਿਤ ਹਰਦਿਆਲ ਜੀ ਉਦਾਸ ਹੋ ਗਏ । ਉਹ ਸੋਚਣ ਲੱਗੇ, "ਮੇਰਾ ਸ਼ਰੀਰ ਬੁੱਢਾ ਹੋ ਗਿਆ ਹੈ । ਇਸੇ ਗੱਲ ਦਾ ਮੈਂਨੂੰ ਦੁੱਖ ਹੋ ਰਿਹਾ ਹੈ ਕਿ ਮੈਂ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਤਾਪ ਨਹੀਂ ਦੇਖ ਸਕਾਂਗਾ । ਪਤਾ ਨਹੀਂ, ਮੇਰੇ ਪੂਰੇ ਭਾਗ ਹਨ ਵੀ ਕਿ ਨਹੀਂ ? ਜਦੋਂ ਗੁਰੂ ਸਾਹਿਬ ਜੀ ਜਵਾਨ ਹੋਣਗੇ, ਉਨ੍ਹਾਂ ਦੀ ਸੰਗਤ ਕਰ ਕੇ ਕਈ ਲੋਕ ਤਰ ਜਾਣਗੇ । ਪਤਾ ਨਹੀਂ, ਮੈਂ ਇਹ ਸਭ ਦੇਖਣ ਲਈ ਜੀਊਂਦਾ ਹੋਵਾਂਗਾ ਕਿ ਨਹੀਂ ?"

ਅਰਦਾਸ ਹੀ ਭਗਤ ਦਾ ਆਸਰਾ ਹੁੰਦੀ ਹੈ । ਪੰਡਿਤ ਹਰਦਿਆਲ ਜੀ ਵੀ ਮਨ ਹੀ ਮਨ ਅਰਦਾਸ ਕਰਨ ਲੱਗੇ ਕਿ ਉਨ੍ਹਾਂ ਦਾ ਸ਼ਰੀਰ ਉਦੋਂ ਤਕ ਕਾਇਮ ਰਹੇ, ਜਦੋਂ ਗੁਰੂ ਜੀ ਇਸ ਸੰਸਾਰ ਨੂੰ ਆਪਣਾ ਉਪਦੇਸ਼ ਦੇਣਾ ਸ਼ੁਰੂ ਕਰ ਦੇਣ । ਪੰਡਿਤ ਹਰਦਿਆਲ ਜੀ ਦੀ ਇਹ ਇੱਛਾ ਸੀ ਕਿ ਉਹ ਗੁਰੂ ਸਾਹਿਬ ਜੀ ਦੀਆਂ ਕੁੱਝ ਲੀਲਾਵਾਂ ਦੇਖ ਸਕਣ । ਅਜਿਹੇ ਵਿਅਕਤੀ ਦੀ ਇੱਛਾ ਗੁਰੂ ਸਾਹਿਬ ਜੀ ਜ਼ਰੂਰ ਪੂਰੀ ਕਰਦੇ ਹਨ । ਪੰਡਿਤ ਜੀ ਦੀ ਇੱਛਾ ਵੀ ਗੁਰੂ ਜੀ ਨੇ ਪੂਰੀ ਕੀਤੀ ।

ਜਦੋਂ ਗੁਰੂ ਸਾਹਿਬ ਜੀ ਉਮਰ ਵਿੱਚ ਕੁੱਝ ਵੱਡੇ ਹੋਏ, ਤਾਂ ਮਹਿਤਾ ਕਾਲੂ ਜੀ ਨੇ ਪੰਡਿਤ ਹਰਦਿਆਲ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਜੰਞੂ ਪਾਉਣ ਦੀ ਪਾਰੰਪਰਿਕ ਧਾਰਮਿਕ ਰਸਮ ਨਿਭਾਈ ਜਾਈ । ਪੰਡਿਤ ਹਰਦਿਆਲ ਜੀ ਨੇ ਜੰਞੂ ਪਾਉਣ ਲਈ ਦਿਨ ਨਿਸ਼ਚਿਤ ਕਰ ਦਿੱਤਾ । ਰਸਮਾਂ-ਰਿਵਾਜਾਂ ਅਨੁਸਾਰ ਲੋੜੀਂਦੀਆਂ ਵਸਤਾਂ ਪੰਡਿਤ ਜੀ ਨੇ ਮਹਿਤਾ ਕਾਲੂ ਜੀ ਤੋਂ ਮੰਗਾ ਲਈਆਂ । ਮਹਿਤਾ ਕਾਲੂ ਜੀ ਨੇ ਭੋਜਨ ਤਿਆਰ ਕਰਨ ਲਈ ਲੋੜੀਂਦਾ ਅੰਨ ਇਕੱਠਾ ਕਰ ਲਿਆ । ਮਾਸ ਲਈ ਬਕਰਾ ਵੀ ਮੰਗਾ ਲਿਆ ਗਿਆ । ਰਿਸ਼ਤੇਦਾਰਾਂ ਤੇ ਹੋਰ ਜਾਣੂਆਂ ਨੂੰ ਇਸ ਮੌਕੇ ਆਉਣ ਲਈ ਸੱਦਾ ਦਿੱਤਾ ਗਿਆ ।

ਨਿਸ਼ਚਿਤ ਦਿਨ, ਸੱਦੇ ਗਏ ਖਤਰੀ ਰਿਸ਼ਤੇਦਾਰ ਤੇ ਬ੍ਰਾਹਮਣ ਮਹਿਤਾ ਕਾਲੂ ਜੀ ਦੇ ਘਰ ਪਹੁੰਚ ਗਏ । ਨਿਯਤ ਸਮੇਂ 'ਤੇ ਗੁਰੂ ਜੀ ਨੂੰ ਇਕੱਠ ਵਿੱਚ ਬੁਲਾਇਆ ਗਿਆ, ਤਾਂਕਿ ਜੰਞੂ ਪਾਉਣ ਦੀ ਰਸਮ ਪੂਰੀ ਕੀਤੀ ਜਾ ਸਕੇ । ਗੁਰੂ ਜੀ ਉਥੇ ਆਏ ਅਤੇ ਖਤਰੀਆਂ ਤੇ ਬ੍ਰਾਹਮਣਾਂ ਦੀ ਇਸ ਇਕੱਤਰਤਾ ਵਿੱਚ ਬਿਰਾਜਮਾਨ ਹੋ ਗਏ ।

ਪੰਡਿਤ ਜੀ ਨੇ ਖਤਰੀਆਂ ਦੀ ਪ੍ਰਚੱਲਿਤ ਰੀਤੀ ਅਨੁਸਾਰ ਕਾਰਜ ਕਰਨਾ ਆਰੰਭ ਕਰ ਦਿੱਤਾ । ਸੰਬੰਧਿਤ ਰਸਮਾਂ ਨਿਭਾ ਕੇ ਪੰਡਿਤ ਜੀ ਜਿਉਂ ਹੀ ਗੁਰੂ ਜੀ ਦੇ ਗਲ਼ ਵਿੱਚ ਜੰਞੂ ਪਾਉਣ ਲੱਗੇ, ਗੁਰੂ ਜੀ ਬੋਲੇ, "ਹੇ ਬ੍ਰਾਹਮਣ ! ਮੈਂਨੂੰ ਇਹ ਜੰਞੂ ਕਿਉਂ ਪਾ ਰਹੇ ਹੋ ? ਇਹ ਜੰਞੂ ਪਾਉਣ ਨਾਲ ਕੀ ਪ੍ਰਾਪਤ ਹੋ ਜਾਂਦਾ ਹੈ ? ਇਹ ਜੰਞੂ ਵਿਅਕਤੀ

ਨੂੰ ਕਿਸ ਪਦਵੀ 'ਤੇ ਪਹੁੰਚਾ ਸਕਦਾ ਹੈ ? ਹੇ ਸ੍ਰੇਸ਼ਟ ਬ੍ਰਾਹਮਣ ! ਮੈਂਨੂੰ ਇਹ ਸਮਝਾਉ ਕਿ ਜੰਞੂ ਨਾ ਪਾਉਣ ਦਾ ਕੀ ਨੁਕਸਾਨ ਹੋ ਸਕਦਾ ਹੈ ?"

ਪੰਡਿਤ ਹਰਦਿਆਲ ਜੀ ਸ਼ੁਰੂ ਤੋਂ ਹੀ ਜਾਣਦੇ ਸਨ ਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਦੁਨੀਆਂ ਦੇ ਜੀਵਾਂ ਨੂੰ ਭਵ-ਸਾਗਰ ਤੋਂ ਤਾਰਣ ਲਈ ਆਏ ਹੋਏ ਸਨ । ਪੰਡਿਤ ਜੀ ਦੇ ਮਨ ਵਿੱਚ ਚਿਰਾਂ ਤੋਂ ਇੱਛਾ ਸੀ ਕਿ ਗੁਰੂ ਜੀ ਤੋਂ ਉਪਦੇਸ਼ ਪ੍ਰਾਪਤ ਕੀਤਾ ਜਾਏ । ਜਦੋਂ ਗੁਰੂ ਜੀ ਨੇ ਇਹ ਪ੍ਰਸ਼ਨ ਕੀਤੇ, ਤਾਂ ਪੰਡਿਤ ਜੀ ਦੇ ਮਨ ਵਿੱਚ ਉਮੰਗ ਜਾਗ ਪਈ । ਉਨ੍ਹਾਂ ਨੇ ਜਾਣ ਲਿਆ ਕਿ ਉਹ ਮੌਕਾ ਆ ਗਿਆ ਹੈ, ਜਿਸ ਦੀ ਉਹ ਉਡੀਕ ਕਰ ਰਹੇ ਸਨ ।

ਗੁਰੂ ਜੀ ਦੀ ਮਹਾਨਤਾ ਨੂੰ ਜਾਣਨ ਵਾਲੇ ਪੰਡਿਤ ਜੀ ਨੇ ਗਿਆਨ ਪ੍ਰਾਪਤ ਕਰਨ ਦੀ ਇੱਛਾ ਧਾਰ ਕੇ ਗੁਰੂ ਜੀ ਨੂੰ ਜਵਾਬ ਦਿੱਤਾ, "ਜੰਞੂ ਪਾਉਣਾ ਬ੍ਰਾਹਮਣਾਂ ਤੇ ਖਤਰੀਆਂ ਦਾ ਧਰਮ ਹੈ । ਇਹ ਜੰਞੂ ਪਾਉਣ ਤੋਂ ਬਿਨਾਂ ਬ੍ਰਾਹਮਣਾਂ ਤੇ ਖਤਰੀਆਂ ਦਾ ਧਰਮ ਨਹੀਂ ਰਹਿੰਦਾ । ਵੈਦਿਕ ਰੀਤੀ ਅਨੁਸਾਰ ਜੰਞੂ ਪਾ ਕੇ ਹੀ ਬ੍ਰਾਹਮਣ ਤੇ ਖਤਰੀ ਆਪਣਾ ਧਰਮ ਨਿਭਾਅ ਸਕਦੇ ਹਨ" ।

ਪ੍ਰੋਹਿਤ ਹਰਦਿਆਲ ਜੀ ਦੇ ਇਹ ਬਚਨ ਸੁਣ ਕੇ ਗੁਰੂ ਜੀ ਨੇ ਰਸ ਭਰੇ ਇਹ ਲਫ਼ਜ਼ ਕਹੇ, "ਬ੍ਰਾਹਮਣਾਂ ਤੇ ਖਤਰੀਆਂ ਦਾ ਧਰਮ ਗਲੇ ਵਿੱਚ ਸੂਤ ਦਾ ਜੰਞੂ ਪਾ ਕੇ ਰਹਿੰਦਾ ਹੈ ਕਿ ਦਇਆ ਆਦਿ ਚੰਗੇ ਕਰਮ ਕਰਨ ਨਾਲ ਰਹਿੰਦਾ ਹੈ ? ਜੋ ਗਲ਼ ਵਿੱਚ ਜੰਞੂ ਪਾ ਕੇ ਕੁ-ਕਰਮ ਕਰਦੇ ਹਨ, ਧਨ-ਦੌਲਤ ਲਈ ਹਿੰਸਾ ਆਦਿ ਕਰਦੇ ਹਨ, ਆਖ਼ਿਰ ਤਕ ਦੁਸ਼ਟਤਾ ਧਾਰਣ ਕਰੀ ਰੱਖਦੇ ਹਨ, ਝੂਠ ਤੇ ਚੁਗਲੀ ਨਾਲ ਪਿਆਰ ਕਰਦੇ ਹਨ, ਅਜਿਹੇ ਬ੍ਰਾਹਮਣ ਤੇ ਖਤਰੀ ਯਮਦੂਤਾਂ ਵੱਲੋਂ ਦਿੱਤੇ ਜਾਣ ਵਾਲੇ ਕਸ਼ਟ ਹੀ ਸਹਾਰਦੇ ਹਨ । ਫਿਰ ਤੁਸੀਂ ਆਪ ਹੀ ਦੱਸੋ ਕਿ ਜੰਞੂ ਪਾਉਣ ਦਾ ਕੀ ਲਾਭ ਹੋਇਆ ?"

ਉਥੋਂ ਬੈਠੇ ਸਾਰੇ ਬ੍ਰਾਹਮਣ ਸਮਝਦੇ ਸਨ ਕਿ ਗੁਰੂ ਜੀ ਬਿਲਕੁਲ ਸੱਚ ਆਖ ਰਹੇ ਹਨ । ਸਾਰੇ ਹੀ ਚੁੱਪ ਕਰ ਕੇ ਬੈਠੇ ਰਹੇ । ਇਹ ਹਕੀਕਤ ਸਾਰੇ ਹੀ ਸਮਝਦੇ ਸਨ ਕਿ ਜੰਞੂ ਪਾਉਣ ਨਾਲ ਹੀ ਮੁਕਤੀ ਨਹੀਂ ਪ੍ਰਾਪਤ ਹੋ ਜਾਣੀ । ਸੈਂਕੜੇ ਸਾਲ ਪਹਿਲਾਂ ਹੀ ਆਦਿ ਸ਼ੰਕਰਾਚਾਰੀਆ, ਜੋ ਖ਼ੁਦ ਵੀ ਬ੍ਰਾਹਮਣ ਸਨ, ਨੇ ਜੰਞੂ ਦਾ ਖੰਡਨ ਕਰ ਦਿੱਤਾ ਸੀ [੪]। ਸੈਂਕੜੇ ਸਾਲ ਪਹਿਲਾਂ ਸੰਨਿਆਸੀਆਂ ਨੇ ਜੰਞੂ ਦਾ ਤਿਆਗ ਕਰ ਦਿੱਤਾ ਸੀ । ਹਕੀਕਤ ਤਾਂ ਇਹ ਹੈ ਕਿ ਹਰ ਕਿਸੇ ਨੂੰ ਆਪਣੇ ਚੰਗੇ ਤੇ ਮੰਦੇ ਕਰਮਾਂ ਦਾ ਲੇਖਾ ਦੇਣਾ ਪਏਗਾ । ਮੰਦੇ ਕਰਮ ਕਰਨ ਵਾਲਾ ਜੰਞੂ-ਧਾਰੀ ਵੀ ਸਜ਼ਾ ਭੁਗਤੇਗਾ ਤੇ ਚੰਗੇ ਕਰਮ ਕਰਨ ਵਾਲਾ ਜੰਞੂ-ਹੀਣ ਵਿਅਕਤੀ ਵੀ ਸ਼ੁਭ-ਫਲ ਪ੍ਰਾਪਤ ਕਰੇਗਾ ।

[੪] ਦੇਖੋ, ਸ਼ੰਕਰਾਚਾਰੀਆ ਜੀ ਦਾ ਵ੍ਰਿਹਦਾਰਣਯਕ ਉਪਨਿਸ਼ਦ ਦਾ ਭਾਸ਼ਯ - "ਯਗਯੋਪਵੀਤਾਦਿਸਾਧਨਾਤ੍ ਤੱਸਾਧਯੇਭਯਸ਼੍ਚ ਕਰਮਭਯੋਵਿਦਿਯਾਵਿਸ਼ਯਤਵਾਦ੍ ਏਸ਼ਣਾਰੂਪਤਵਾਚ ਜਿਹਾਸਿਤਵਯਰੂਪਸਵਾਚ ਵਯੁਤਥਾਨੰ ਵਿਧਿਤਸਿਤਤਮੇਵ" ।

ਪਰ, ਪ੍ਰੋਹਿਤ ਹਰਦਿਆਲ ਜੀ ਤਾਂ ਅਜੇ ਹੋਰ ਉਪਦੇਸ਼ ਸੁਣਨਾ ਚਾਹੁੰਦੇ ਸਨ। ਇਸ ਲਈ ਉਹ ਗੁਰੂ ਮਹਾਰਾਜ ਜੀ ਨੂੰ ਪੁੱਛਣ ਲੱਗੇ, "ਅਜਿਹਾ ਕਿਹੜਾ ਜੰਞੂ ਹੈ, ਜਿਸ ਨੂੰ ਪਾਉਣ ਨਾਲ ਵਿਅਕਤੀ ਨਰਕਾਂ ਨੂੰ ਨਹੀਂ ਜਾਂਦਾ ? ਅਜਿਹਾ ਕਿਹੜਾ ਜੰਞੂ ਹੈ, ਜਿਸ ਨੂੰ ਧਾਰਣ ਕਰਨ ਨਾਲ ਯਮਦੂਤ ਪ੍ਰੇਸ਼ਾਨ ਨਹੀਂ ਕਰਦੇ ? ਸਾਰਿਆਂ ਦੇ ਮਨ ਵਿੱਚ ਇਹ ਸੁਣਨ ਦੀ ਬੜੀ ਇੱਛਾ ਹੈ। ਤੁਸੀਂ ਸਾਨੂੰ ਸਭਨਾਂ ਨੂੰ ਇਹ ਗਿਆਨ ਦਿਉ"।

ਇਸ ਸੁਣ ਕੇ ਗੁਰੂ ਜੀ ਨੇ ਜੋ ਉਪਦੇਸ਼ ਦਿੱਤਾ, ਉਹ ਗੁਰੂ ਸਾਹਿਬ ਜੀ ਦੇ ਉਚਾਰਣ ਕੀਤੇ ਹੋਏ ਇਸ ਸਲੋਕ ਵਿੱਚ ਦਰਜ ਹੈ : -

> ਸਲੋਕੁ ਮ ੧ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ
> ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਨਾ ਏਹੁ ਤੁਟੈ ਨ ਮਲੁ ਲਗੈ ਨਾ
> ਏਹੁ ਜਲੈ ਨ ਜਾਇ ॥ ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ [5]

ਗੁਰੂ ਜੀ ਬੋਲੇ, "ਦਇਆ ਦੀ ਕਪਾਹ ਤੋਂ ਬਣੇ ਸੰਤੋਖ ਦੇ ਸੂਤ ਨੂੰ ਜਤ ਦੀਆਂ ਗੰਢਾਂ ਤੇ ਸਤ ਦੀਆਂ ਵੱਟਾਂ ਦੇ ਕੇ ਤਿਆਰ ਕੀਤਾ ਗਿਆ ਜੰਞੂ ਹੀ ਆਤਮਾ ਦਾ ਅਸਲ ਜੰਞੂ ਹੈ। ਜੇ ਇਹ ਜੰਞੂ ਤੁਹਾਡੇ ਕੋਲ ਹੈ, ਤਾਂ ਮੈਂਨੂੰ ਦੇ ਦਿਉ। ਅਜਿਹਾ ਜੰਞੂ ਨਾ ਟੁੱਟਦਾ ਹੈ, ਨਾ ਮੈਲ਼ਾ ਹੁੰਦਾ ਹੈ, ਨਾ ਸੜ੍ਹਦਾ ਹੈ ਤੇ ਨਾ ਹੀ (ਸਰੀਰ ਤੋਂ) ਦੂਰ ਹੁੰਦਾ ਹੈ ਹੇ ਨਾਨਕ ! ਉਹ ਮਨੁੱਖ ਧੰਨਤਾ-ਯੋਗ ਹਨ, ਜੋ ਅਜਿਹਾ ਜੰਞੂ ਪਾ ਕੇ (ਪ੍ਰਭੂ ਦੀ ਦਰਗਾਹ ਵਿੱਚ) ਜਾਂਦੇ ਹਨ।"

ਥੋੜੇ ਜਿਹੇ ਲਫ਼ਜ਼ਾਂ ਵਿੱਚ ਗੁਰੂ ਸਾਹਿਬ ਜੀ ਨੇ ਕਿੰਨਾ ਵੱਡਾ ਗਿਆਨ ਭਰ ਦਿੱਤਾ ਸੀ। ਦਇਆ ਤਾਂ ਧਰਮ ਦਾ ਮੂਲ ਹੈ। ਦਇਆ ਤੋਂ ਬਿਨਾਂ ਧਰਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਧਰਮ ਦਾ ਆਧਾਰ ਜੰਞੂ ਤਾਂ ਹੋ ਹੀ ਨਹੀਂ ਸਕਦਾ। ਕੇਵਲ ਦਇਆ ਹੀ ਧਰਮ ਦਾ ਆਧਾਰ ਹੈ। ਦਇਆ ਸਾਨੂੰ ਸੰਤੋਖ ਧਾਰਣ ਕਰਨ ਲਈ ਪ੍ਰੇਰਨਾ ਦਿੰਦੀ ਹੈ। ਜੋ ਪ੍ਰਭੂ ਨੇ ਦਿੱਤਾ ਹੈ, ਉਸੇ ਵਿੱਚ ਸੰਤੁਸ਼ਟ ਰਹਿਣਾ ਸੰਤੋਖ ਹੈ। ਜੇ ਸਾਡੀਆਂ ਜ਼ਰੂਰਤਾਂ ਹਨ, ਤਾਂ ਹੋਰਨਾਂ ਦੀਆਂ ਵੀ ਜ਼ਰੂਰਤਾਂ ਹਨ। ਹੋਰਨਾਂ ਨੂੰ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਮਦਦ ਕਰਨ ਲਈ ਜ਼ਰੂਰੀ ਹੈ ਕਿ ਸਾਡੇ ਮਨ ਵਿੱਚ ਸੰਤੋਖ ਹੋਏ। ਜੇ ਸੰਤੋਖ ਨਹੀਂ ਹੋਏਗਾ, ਤਾਂ ਅਸੀਂ ਦੂਜਿਆਂ ਨੂੰ ਲੁੱਟਣ ਲੱਗ ਜਾਵਾਂਗੇ। ਦੂਜਿਆਂ ਪ੍ਰਤੀ ਦਇਆ-ਭਾਵਨਾ ਸਾਨੂੰ ਇਸ ਗੱਲ ਲਈ ਪ੍ਰੇਰਿਤ ਕਰਦੀ ਹੈ ਕਿ ਅਸੀਂ ਉਸੇ ਵਿੱਚ ਸੰਤੋਖ ਕਰੀਏ, ਜੋ ਸਾਨੂੰ ਪ੍ਰਭੂ ਨੇ ਦਿੱਤਾ ਹੈ। ਜਿਸ ਦੀ ਜ਼ਰੂਰਤ ਨਹੀਂ, ਉਸ ਦੀ ਇੱਛਾ ਕਰਨਾ ਲੋਭ ਹੈ ਤੇ ਲੋਭ ਦਾ ਤਿਆਗ ਕਰਨਾ ਸੰਤੋਖ ਹੈ। ਇਹ ਸਾਡਾ ਮਨ ਹੀ ਹੈ, ਜੋ ਇੱਛਾ ਕਰਦਾ ਹੈ। ਆਪਣੀਆਂ ਇੱਛਾਵਾਂ ਦੀ ਪੂਰਤੀ ਅਸੀਂ ਆਪਣੀਆਂ ਇੰਦਰੀਆਂ ਰਾਹੀਂ ਕਰਦੇ ਹਾਂ। ਇਨ੍ਹਾਂ ਇੰਦਰੀਆਂ ਨੂੰ ਕਾਬੂ ਵਿੱਚ ਰੱਖਣਾ ਹੀ ਯਤ (ਜਤੁ) ਹੈ। ਇਸ ਦੇ ਨਾਲ ਹੀ 'ਸਤੁ' (ਸੱਚ) ਨੂੰ ਵੀ ਧਾਰਣ ਕਰੀ ਰੱਖਣਾ ਹੈ।

---

[5] ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਜੇ 'ਦਇਆ', 'ਧਰਮ', 'ਜਤ' ਤੇ 'ਸਤ' ਨੂੰ ਧਾਰਣ ਕਰ ਲਿਆ ਜਾਏ, ਤਾਂ ਸੂਤ ਦੇ ਜੰਞੂ ਦੀ ਜ਼ਰੂਰਤ ਹੀ ਕੋਈ ਨਹੀਂ । ਜੇ 'ਦਇਆ', 'ਧਰਮ', 'ਜਤ' ਤੇ 'ਸਤ' ਨੂੰ ਧਾਰਣ ਨਾ ਕੀਤਾ, ਤਾਂ ਸੂਤ ਦੇ ਜੰਞੂ ਪਾਉਣ ਨਾਲ ਵੀ ਕੋਈ ਲਾਭ ਪ੍ਰਾਪਤ ਨਹੀਂ ਹੋਣਾ । ਕਿੰਨੇ ਸਰਲ ਤਰੀਕੇ ਨਾਲ ਗੁਰੂ ਸਾਹਿਬ ਜੀ ਨੇ ਇੰਨੀ ਵੱਡੀ ਗੱਲ ਆਖ ਦਿੱਤੀ ਸੀ !

ਰੋਮਾਂਚਿਤ ਹੋਏ ਪੁਰੋਹਿਤ ਹਰਦਿਆਲ ਜੀ ਮਨ ਹੀ ਮਨ ਸੋਚਣ ਲੱਗੇ, "ਮੈਂ ਗੁਰੂ ਜੀ ਬਾਰੇ ਜੋ ਭਵਿੱਖਵਾਣੀ ਕੀਤੀ ਸੀ, ਬਿਨਾਂ ਸ਼ਕ ਉਹ ਸੱਚੀ ਸਿੱਧ ਹੋ ਰਹੀ ਹੈ । ਵਿਰਲੇ ਮਨੁੱਖ ਹੀ ਗੁਰੂ ਜੀ ਦੀ ਮਹਿਮਾ ਸਮਝ ਸਕਦੇ ਹਨ । ਬਹੁਤੇ ਲੋਕ ਤਾਂ ਅਣਜਾਣ ਹੀ ਹਨ । ਮੇਰੇ ਵੱਡੇ ਭਾਗ ਹਨ ਕਿ ਬ੍ਰਹਮੰਡ ਦਾ ਆਸਰਾ ਬਣੇ ਗੁਰੂ ਜੀ ਮੇਰੇ ਯਜਮਾਨ ਹਨ ।"

ਅਨੰਦ ਵਿੱਚ ਮਗਨ ਹੋਏ ਪੁਰੋਹਿਤ ਜੀ ਕੋਲੋਂ ਕੁੱਝ ਬੋਲਿਆ ਨਹੀਂ ਜਾਂਦਾ, ਪਰ ਮਨ ਵਿੱਚ ਇਹ ਇੱਛਾ ਵੀ ਹੈ ਕਿ ਗੁਰੂ ਜੀ ਤੋਂ ਹੋਰ ਉਪਦੇਸ਼ ਪ੍ਰਾਪਤ ਕੀਤਾ ਜਾਏ । ਇਸੇ ਲਈ, ਉਹ ਬੋਲੇ, "ਬ੍ਰਾਹਮਣਾਂ ਤੇ ਖਤਰੀਆਂ ਲਈ ਜੰਞੂ ਪਾਉਣਾ ਤਾਂ ਵੇਦ-ਮਤਿ ਵਿੱਚ ਸ਼੍ਰੇਸ਼ਟ ਧਰਮ ਮੰਨਿਆ ਗਿਆ ਹੈ । ਬ੍ਰਹਮਾ ਤੋਂ ਹੀ ਜੰਞੂ ਪਾਉਣ ਦੀ ਰੀਤੀ ਚਲੀ ਆ ਰਹੀ ਹੈ । ਸਨਕ ਤੇ ਸਨੰਦਨ ਆਦਿ ਰਿਸ਼ੀਆਂ ਨੇ ਵੀ ਜੰਞੂ ਪਾਏ ਸਨ । ਜੇ ਇਹ ਨਵੀਂ ਰੀਤੀ ਹੈ, ਤਾਂ ਬੇਸ਼ਕ ਤੁਸੀਂ ਇਹ ਜੰਞੂ ਨਾ ਪਾਉ ।"

ਗੁਰੂ ਜੀ ਨੇ ਜੋ ਜਵਾਬ ਦਿੱਤਾ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਪ੍ਰਕਾਰ ਦਰਜ ਹੈ : -

> ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ ਸਿਖਾ ਕੰਨਿ
> ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ
> ਵੇਤਗਾ ਗਇਆ ॥ ੧ ॥ [੬]

ਗੁਰੂ ਜੀ ਕਹਿਣ ਲੱਗੇ, "ਚਾਰ ਕੌਡੀਆਂ ਦਾ ਸੂਤ ਦਾ ਜੰਞੂ ਲਿਆ ਕੇ ਚਉਂਕੇ ਬਹਿ ਕੇ ਪਾ ਦਿੱਤਾ ਜਾਂਦਾ ਹੈ । ਕੰਨ ਵਿੱਚ ਇਹ ਸਿੱਖਿਆ ਦੇ ਦਿੱਤੀ ਜਾਂਦੀ ਹੈ ਕਿ ਬ੍ਰਾਹਮਣ (ਤੇਰਾ) ਗੁਰੂ ਹੋ ਗਿਆ ਹੈ । ਉਹ ਮਰ ਜਾਂਦਾ ਹੈ । ਉਸ ਦਾ ਜੰਞੂ ਝੜ ਜਾਂਦਾ ਹੈ । ਇਸ ਪ੍ਰਕਾਰ ਜੰਞੂ ਧਾਰਣ ਕਰਨ ਵਾਲਾ ਵਿਅਕਤੀ ਤਾਂ ਜੰਞੂ-ਹੀਣ ਹੀ ਪ੍ਰਲੋਕ ਨੂੰ ਜਾਂਦਾ ਹੈ ।"

ਗੁਰੂ ਜੀ ਦੇ ਵਚਨ ਸੱਚ ਹੀ ਤਾਂ ਸਨ । ਸੂਤ ਦਾ ਜੰਞੂ ਤਾਂ ਮ੍ਰਿਤ-ਸਰੀਰ ਦੇ ਅੰਤਿਮ ਸੰਸਕਾਰ ਵਿੱਚ ਹੀ ਸੜ੍ਹ ਜਾਂਦਾ ਹੈ, ਜਦਕਿ 'ਦਇਆ', 'ਧਰਮ', 'ਜਤ' ਤੇ 'ਸਤ' ਦਾ ਜੰਞੂ, ਭਾਵ 'ਦਇਆ', 'ਧਰਮ', 'ਜਤ' ਤੇ 'ਸਤ' ਦੇ ਗੁਣ ਵਿਅਕਤੀ ਦੇ ਨਾਲ ਹੀ ਰਹਿੰਦੇ ਹਨ ।

---

[੬] ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸਭਾ ਵਿੱਚ ਬੈਠੇ ਬ੍ਰਾਹਮਣ ਤੇ ਖਤਰੀ ਹੈਰਾਨ ਹੋ ਕੇ ਗੁਰੂ ਜੀ ਦੇ ਇਹ ਅੰਮ੍ਰਿਤ ਵਚਨ ਸੁਣ ਰਹੇ ਸਨ। ਕੋਈ ਵੀ ਉੱਤਰ ਦੇਣ ਦੇ ਯੋਗ ਨਹੀਂ ਸੀ। ਗੁਰੂ ਜੀ ਦੀ ਗੱਲ ਸੱਚੀ ਸੀ। ਇਸ ਨੂੰ ਕੋਈ ਗ਼ਲਤ ਕਿਵੇਂ ਆਖ ਸਕਦਾ ਸੀ ?

ਕੁੱਝ ਦੇਰ ਬਾਅਦ, ਮਹਿਤਾ ਕਾਲੂ ਜੀ ਦੇ ਕੁੱਝ ਰਿਸ਼ਤੇਦਾਰ ਕਹਿਣ ਲੱਗੇ, "ਹੇ ਨਾਨਕ ਜੀ ! ਆਪ ਜੀ ਦੀ ਸੱਚੀ ਬਾਣੀ ਰਸ-ਭਰੀ ਹੈ। ਤੁਹਾਡੇ ਪਿਤਾ ਜੀ ਨੇ ਇਸ ਸਮਾਗਮ ਲਈ ਇੰਨਾ ਧਨ ਖ਼ਰਚ ਕੀਤਾ ਹੈ। ਜੇ ਤੁਸੀਂ ਜੰਞੂ ਨਹੀਂ ਪਾਉਂਦੇ, ਤਾਂ ਇਹ ਸਭ ਵਿਅਰਥ ਜਾਏਗਾ। ਬ੍ਰਾਹਮਣ ਤੇ ਖਤਰੀ ਤੁਹਾਡੇ ਘਰ ਆਏ ਹੋਏ ਹਨ। ਤੁਸੀਂ ਜੰਞੂ ਪਾ ਲਉ। ਆਪਣੇ ਕੁਲ ਦੀ ਰਸਮ ਨਾ ਨਿਭਾਉਣ ਵਾਲਾ ਵਿਅਕਤੀ ਇੱਕਲਾ ਪੈ ਜਾਂਦਾ ਹੈ। ਜੇ ਤੁਸੀਂ ਜੰਞੂ ਪਾ ਲਉ, ਤਾਂ ਤੁਹਾਡੇ ਪਰਿਵਾਰ ਸਮੇਤ ਸਾਰੇ ਲੋਕ ਖ਼ੁਸ਼ ਹੋ ਜਾਣਗੇ। ਨਹੀਂ ਤਾਂ ਖ਼ੁਸ਼ੀ ਦੇ ਇਸ ਮੌਕੇ 'ਤੇ ਸਾਰੇ ਹੀ ਉਦਾਸ ਹੋ ਜਾਣਗੇ। ਇੱਕ ਵਾਰ ਜੰਞੂ ਪਾ ਲਉ। ਫੇਰ ਉਸੇ ਤਰ੍ਹਾਂ ਕਰਨਾ, ਜਿਵੇਂ ਤੁਹਾਡੀ ਇੱਛਾ ਹੋਏ।"

ਗੁਰੂ ਜੀ ਨੇ ਜੋ ਕਿਹਾ, ਉਹ ਗੁਰੂ ਜੀ ਦੇ ਇਸ ਸਲੋਕ ਵਿੱਚ ਦਰਜ ਹੈ : -

> ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥ ੨ ॥ [੭]

> ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥ ੩ ॥ [੮]

ਭਾਈ ਬਾਲੇ ਵਾਲੀ ਜਨਮਸਾਖੀ ਅਨੁਸਾਰ ਮਹਿਤਾ ਕਾਲੂ ਜੀ ਵੱਲੋਂ ਆਖੇ ਜਾਣ 'ਤੇ ਗੁਰੂ ਜੀ ਨੇ ਜਨੇਊ ਪਾ ਲਿਆ ਸੀ। ਭਾਈ ਬਾਲੇ ਵਾਲੀ ਜਨਮਸਾਖੀ ਵਿੱਚ ਇਸ ਤਰ੍ਹਾਂ ਲਿਖਿਆ ਹੈ : -

> ਤਾਂ ਫੇਰ ਪੰਡਿਤ ਨੇ ਕਹਿਆ, "ਮਹਿਤਾ ਕਾਲੂ, ਤੇਰਾ ਪੁਤ੍ਰ ਕੋਈ ਦੇਵਤਾ ਹੈ। ਆਪੇ ਹੀ ਜਨੇਊ ਪਾਵੇ।" ਤਾਂ ਮਹਿਤੇ ਕਾਲੂ ਕਹਿਆ, "ਬੱਚਾ, ਮਹਾਂਪੁਰਖ

---

[੭] ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੮] ਵਾਰ ਆਸਾ, ਪੰਨਾ ੪੭੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਭੀ ਜਗਤ ਦੀ ਚਾਲ ਕਰਤੇ ਆਏ ਹੈਨ", ਤਾਂ ਬਾਬੇ ਕਹਯਾ, "ਜਿਵੇਂ ਤੁਹਾਡੀ ਰਜਾਇ ।" ਤਾਂ ਪੰਡਿਤ ਨੇ ਕਹਾ, "ਹੇ ਨਾਨਕ ਜੀ, ਏਸ ਜਨੇਊ ਕੋ ਪਵਿਤ੍ਰ ਕਰਉ ।" ਤਾਂ ਬਾਬੇ ਜੀ ਨੇ ਜਨੇਊ ਪਾਯਾ । [੯]

ਭਾਈ ਬਾਲੇ ਵਾਲੀ ਜਨਮਸਾਖੀ ਨੂੰ ਆਧਾਰ ਮੰਨ ਕੇ ਹੀ ਭਾਈ ਸੰਤੋਖ ਸਿੰਘ ਨੇ ਆਪਣਾ ਗ੍ਰੰਥ 'ਸ੍ਰੀ ਗੁਰ ਨਾਨਕ ਪ੍ਰਕਾਸ਼' ਲਿੱਖਿਆ ਸੀ । ਭਾਈ ਸੰਤੋਖ ਸਿੰਘ ਨੇ ਇਹ ਗੱਲ ਲਿੱਖੀ ਹੈ ਕਿ ਬ੍ਰਾਹਮਣਾਂ ਨੇ ਜ਼ਬਰਦਸਤੀ ਗੁਰੂ ਜੀ ਨੂੰ ਜਨੇਊ ਪਾ ਦਿੱਤਾ : -

ਬਚਨ ਬਦਤਿ ਬਿੱਪ੍ਰਨ ਬਰਿਆਈ । ਜੱਗਯੁਪਵੀਤ ਦਿਯੋ ਪਹਿਰਾਈ । [੧੦]

ਅਜਿਹਾ ਵੀਚਾਰ ਪ੍ਰਚੱਲਿਤ ਹੈ ਕਿ ਸ਼ਹੀਦ ਭਾਈ ਸਾਹਿਬ 'ਸਿੰਘਾ ਪੁਰੋਹਿਤ' ਜੀ ਪੰਡਿਤ ਹਰਦਿਆਲ ਜੀ ਦੇ ਵੰਸ਼ਜ ਸਨ । ਸ਼ਹੀਦ ਭਾਈ ਸਿੰਘਾ ਪੁਰੋਹਿਤ ਜੀ ਦੇ ਵੰਸ਼ਜ ਕਵੀ ਗਿਆਨੀ ਜੋਧ ਸਿੰਘ ਨੇ ਆਪਣੀ ਪੁਸਤਕ 'ਸ੍ਰੀ ਨਿਰੰਕਾਰੀ ਹੁਲਾਸ' ਵਿੱਚ ਲਿੱਖਿਆ ਹੈ ਕਿ ਗੁਰੂ ਜੀ ਨੇ ਜੰਞੂ ਨਹੀਂ ਸੀ ਪਾਇਆ : -

ਸ਼ਰਨੀ ਗੁਰੂ ਢਠਾ ਹਰਦਿਆਲ ਪਾਂਧਾ, ਜਨਮ ਮਰਨ ਨੂੰ ਦੂਰ ਹਟਾਯਾ ਸੂ ।
ਸਤਿਨਾਮ ਉਪਦੇਸ਼ ਸੁਣ ਗੁਰਾਂ ਪਾਸੋਂ, ਚੂਰਨ ਪੇਟ ਦੀ ਪੀੜ ਦਾ ਪਾਯਾ ਸੂ ।
ਰਿਦੇ ਧਾਰ ਕੇ ਤੇ ਕੀਤੇ ਪਾਰ ਬੇੜੇ, ਹੋਰ ਕਈਆਂ ਨੂੰ ਪਾਰ ਲੰਘਾਯਾ ਸੂ ।
ਨਿਸ਼ਾ ਖ਼ੂਬ ਹੋਈ, ਸਾਰੇ ਉਠ ਆਏ, ਜੰਞੂ ਮੂਲ ਨਾ ਗੁਰਾਂ ਗਲ ਪਾਯਾ ਸੂ । [੧੧]

ਗੁਰੂ ਜੀ ਦਾ ਇਹ ਉਪਦੇਸ਼ ਪੁਰੋਹਿਤ ਹਰਦਿਆਲ ਜੀ ਨੇ ਆਪਣੇ ਦਿਲ ਵਿੱਚ ਧਾਰਣ ਕਰ ਲਿਆ । ਗੁਰੂ ਜੀ ਦੀ ਉਪਮਾ ਵਿੱਚ ਪੁਰੋਹਿਤ ਜੀ ਨੇ 'ਧੰਨ ਧੰਨ' ਆਖਿਆ । ਇਹ ਪੁਰੋਹਿਤ ਜੀ ਹੀ ਸਨ, ਜਿਨ੍ਹਾਂ ਨੇ ਇਸ ਮੌਕੇ 'ਤੇ ਗੁਰੂ ਜੀ ਦਾ ਮਹਾਨਤਾ ਪ੍ਰਤੱਖ ਦੇਖ ਲਈ ਸੀ । ਕਵੀ ਭਾਈ ਸੰਤੋਖ ਸਿੰਘ ਲਿੱਖਦੇ ਹਨ : -

ਅਵਰ ਨ ਕਾਹੂੰ ਮਹਿਮਾ ਜਾਨੀ । ਇਕ ਪ੍ਰੋਹਤ ਭਾ ਹਤਿ ਅਭਿਮਾਨੀ ॥੫੧॥ ਜਿਹ ਪਰ ਕਰਹਿਂ ਹੇਰਿ ਕਰਿ ਕਰੁਨਾ । ਤਾਹੂੰ ਕੋ ਹਰਿਹੀ ਭਵ ਮਰਨਾ । [੧੨]

---

[੯] ਜਨਮਸਾਖੀ ਭਾਈ ਬਾਲੇ ਵਾਲੀ, ਪ੍ਰਕਾਸ਼ਕ : ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਮੁਫ਼ੀਦਆਮ ਪ੍ਰੈੱਸ ਲਾਹੌਰ ।
[੧੦] ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ ੯ ।
[੧੧] ਸ੍ਰੀ ਨਿਰੰਕਾਰੀ ਹੁਲਾਸ, ਪੰਨਾ ੩੨, ਦੂਜੀ ਐਡੀਸ਼ਨ, ਪ੍ਰਕਾਸ਼ਕ : ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ ।
[੧੨] ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ ੯ ।

'ਹੋਰ ਕਿਸੇ ਨੇ (ਗੁਰੂ ਜੀ ਦੀ) ਮਹਿਮਾ ਨਾ ਜਾਣੀ । ਇੱਕੋ ਪ੍ਰੋਹਿਤ ਹੀ ਅਭਿਮਾਨ ਤੋਂ ਰਹਿਤ ਹੋਇਆ । ਜਿਸ ਵੱਲ ਦੇਖ ਕੇ (ਗੁਰੂ ਜੀ) ਤਰਸ ਕਰਦੇ ਹਨ, ਉਸੇ ਦਾ ਹੀ ਜਨਮ-ਮਰਨ ਖ਼ਤਮ ਕਰ ਦਿੰਦੇ ਹਨ' ।

ਗੁਰੂ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਵੀਹ ਰੁਪਏ ਦੇ ਕੇ ਸੌਦਾ ਖਰੀਦਣ ਨੇੜਲੇ ਸ਼ਹਿਰ ਚੂਹੜਕਾਣੇ ਭੇਜਿਆ, ਤਾਂ ਗੁਰੂ ਸਾਹਿਬ ਜੀ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਪਰਤ ਆਏ । ਇਸ ਗੱਲ ਤੋਂ ਮਹਿਤਾ ਕਾਲੂ ਜੀ ਬਹੁਤ ਨਾਰਾਜ਼ ਹੋਏ । ਇਤਿਹਾਸ ਦੱਸਦਾ ਹੈ ਕਿ ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਥੱਪੜ ਵੀ ਮਾਰ ਦਿੱਤਾ ਸੀ । ਕੁਦਰਤੀ ਪੰਡਿਤ ਹਰਦਿਆਲ ਜੀ ਵੀ ਇਸ ਮੌਕੇ 'ਤੇ ਮਹਿਤਾ ਕਾਲੂ ਜੀ ਨੂੰ ਮਿਲ ਗਏ । ਮਹਿਤਾ ਕਾਲੂ ਜੀ ਦਾ ਗ਼ੁੱਸਾ ਪੰਡਿਤ ਹਰਦਿਆਲ ਜੀ 'ਤੇ ਵੀ ਉੱਤਰਿਆ ।

ਗ਼ੁੱਸੇ ਵਿੱਚ ਭਰੇ ਪੀਤੇ ਮਹਿਤਾ ਕਾਲੂ ਜੀ ਨੇ ਪੰਡਿਤ ਹਰਦਿਆਲ ਜੀ ਨੂੰ ਆਖਿਆ, "ਤੁਸੀਂ ਚੰਗਾ ਛਤਰ ਝੁਲਾਇਆ ਮੇਰੇ ਪੁੱਤਰ ਦੇ ਸਿਰ 'ਤੇ । ਤੁਸੀਂ ਤਾਂ ਗ਼ਲਤ ਜੋਤਿਸ਼ ਵਰਤਿਆ । ਤੁਹਾਡੀ ਬਣਾਈ ਜਨਮ-ਪਤਰੀ ਝੂਠੀ ਸੀ । ਤੁਸੀਂ ਵੀ ਸਾਨੂੰ ਸਭ ਝੂਠ ਆਖਿਆ ਸੀ । ਸਾਥੋਂ ਧਨ ਪ੍ਰਾਪਤ ਕਰਨ ਲਈ ਹੀ ਤੁਸੀਂ ਆਖ ਦਿੱਤਾ ਕਿ ਇਸ ਨੂੰ ਹਿੰਦੂ ਤੇ ਮੁਸਲਮਾਨ ਮੰਨਣਗੇ । ਅੱਜ ਇਹ ਸਾਧੂਆਂ 'ਤੇ ਧਨ ਲੁਟਾ ਕੇ ਚੌੜ-ਚਪੱਟ ਹੋ ਕੇ ਆਇਆ ਹੈ ।"

ਇਸ ਘਟਨਾ ਨੂੰ ਆਪਣੀ ਪੁਸਤਕ 'ਸ੍ਰੀ ਨਿਰੰਕਾਰੀ ਹੁਲਾਸ' ਵਿੱਚ ਗਿਆਨੀ ਜੋਧ ਸਿੰਘ ਜੀ ਨੇ ਇਸ ਪ੍ਰਕਾਰ ਅੰਕਿਤ ਕੀਤਾ ਹੈ : -

ਏਨੇ ਚਿਰਾਂ ਨੂੰ ਪੰਡਿਤ ਜੀ ਸਹੁਏਂ ਆਏ, ਕਾਲੂ ਹਰੀਦਿਆਲ ਤਕਾਯਾ ਈ ।
ਭਲਾ ਛਤ੍ਰ ਝੁਲਾਯੋਈ ਸਿਰੇ ਇਸ ਦੇ, ਦੇਖ ਪੁੱਠੜਾ ਜੋਤਸ਼ੀ ਪਾਯਾ ਈ ।
ਡੁੱਬੀ ਪਤ੍ਰੀ ਤੁਧ ਦੀ ਕੂੜ ਗਾਵੇ, ਤੂੰ ਭੀ ਅਸਾਂ ਥੇ ਝੂਠ ਅਲਾਯਾ ਈ ।
ਐਵੇਂ ਟਕੇ ਵਿਰੋਲਨੇ ਲਈ ਪੰਡਿਤ, ਹਿੰਦੂ ਤੁਰਕ ਮੰਨਨ, ਮੁੱਖੋਂ ਗਾਯਾ ਈ ।
ਦੇਖ ਮੂਲ ਖਵਾਇਕੇ ਸਾਧੂਆਂ ਨੂੰ ਅਜ ਚੌੜ ਚਪੱਟ ਹੋ ਆਯਾ ਈ ।
ਵਾਹ ਵਾਹ ਜੋਤਸ਼ੀ ਜੀ, ਧੰਨ ਪੱਤ੍ਰੀ ਹੈ, ਜਿਸ ਨੇ ਤੁਧ ਨੂੰ ਕੂੜ ਸਿਖਾਯਾ ਈ ।
ਜੋਧ ਸਿੰਘ, ਬਿਸੀਆਰ ਬੇਜ਼ਾਰ ਹੋ ਕੇ, ਕਾਲੂ ਬੜਾ ਕਰੋਧ ਵਧਾਯਾ ਈ ।[੧੩]

ਕੇਵਲ ਇਹ ਹੀ ਮੌਕਾ ਨਹੀਂ ਸੀ, ਜਦੋਂ ਮਹਿਤਾ ਕਾਲੂ ਜੀ ਨੇ ਪੰਡਿਤ ਹਰਦਿਆਲ ਜੀ ਨੂੰ ਉਲਾਂਭਾ ਦਿੱਤਾ । ਜਦੋਂ ਗੁਰੂ ਜੀ ਨੇ ਖੇਤੀ ਦੇ ਕੰਮ ਵਿੱਚ ਵੀ ਕੋਈ ਰੁਚੀ ਨਹੀਂ ਦਿਖਾਈ, ਉਦੋਂ ਤਾਂ ਮਹਿਤਾ ਕਾਲੂ ਜੀ ਪੰਡਿਤ ਹਰਦਿਆਲ ਜੀ ਦੇ ਘਰ ਜਾ ਪੁੱਜੇ ਤੇ ਉਲਾਂਭੇ ਦੇਣੇ ਸ਼ੁਰੂ ਕਰ ਦਿੱਤੇ ।

---

[੧੩] ਸ੍ਰੀ ਨਿਰੰਕਾਰੀ ਹੁਲਾਸ, ਪੰਨਾ ੪੬, ਦੂਜੀ ਐਡੀਸ਼ਨ, ਪ੍ਰਕਾਸ਼ਕ : ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਪੁਸਤਕਾਂ ਵਾਲੇ, ਅੰਮ੍ਰਿਤਸਰ ।

ਨਿਰਾਸ਼ ਹੋਏ ਮਹਿਤਾ ਕਾਲੂ ਜੀ ਨੇ ਪੰਡਿਤ ਜੀ ਨੂੰ ਆਖਿਆ, "ਜਾਂ ਤਾਂ ਤੁਹਾਡੇ ਵੇਦ-ਪੁਰਾਣ ਝੂਠੇ ਹਨ, ਜਾਂ ਤੁਹਾਡੇ ਤੋਂ ਵੇਦ-ਪੁਰਾਣਾਂ ਦੀ ਸਹੀ ਵੀਚਾਰ ਨਹੀਂ ਹੋ ਪਾ ਰਹੀ। ਤੁਸੀਂ ਭਵਿੱਖਵਾਣੀ ਕੀਤੀ ਸੀ ਕਿ ਮੇਰੇ ਪੁੱਤਰ ਦੇ ਸਿਰ 'ਤੇ ਛਤ੍ਰ ਝੁੱਲੇਗਾ, ਇਹ ਤਾਂ ਸਗੋਂ ਪਹਿਲਾਂ ਤੋਂ ਮਿਲਿਆ ਐਸ਼ਵਰਜ ਵੀ ਗੁਆ ਰਿਹਾ ਹੈ। ਜੋ ਧਨ ਮੈਂ ਇਕੱਠਾ ਕੀਤਾ ਸੀ, ਇਹ ਉਹ ਵੀ ਲੁਟਾਈ ਜਾ ਰਿਹਾ ਹੈ। ਇਸਲਈ ਤੁਹਾਡੀ ਭਵਿੱਖਵਾਣੀ ਗ਼ਲਤ ਸਾਬਿਤ ਹੋ ਰਹੀ ਹੈ।"

ਪੰਡਿਤ ਹਰਦਿਆਲ ਜੀ ਨੇ ਜਵਾਬ ਦਿੱਤਾ, "ਸੁਣ ਕਾਲੂ ! ਤੂੰ ਤਾਂ ਬਿਲਕੁਲ ਹੀ ਭੁੱਲਿਆ ਫਿਰਦਾ ਹੈਂ। ਤੂੰ ਹਮੇਸ਼ਾ ਆਪਣੇ ਪੁੱਤਰ ਦੇ ਖ਼ਿਲਾਫ਼ ਹੀ ਰਹਿੰਦਾ ਹੈਂ। ਮੈਂ ਤੈਨੂੰ ਵਾਰ-ਵਾਰ ਸਮਝਾਇਆ ਹੈ ਕਿ ਤੇਰਾ ਪੁੱਤਰ ਸੰਸਾਰ ਦੇ ਲੋਕਾਂ ਨੂੰ ਤਾਰਣ ਲਈ ਆਇਆ ਹੈ। ਉਸ ਨੇ ਹੀ ਤਾਂ ਮੈਂਨੂੰ ਉਪਦੇਸ਼ ਦਿੱਤਾ ਹੈ। ਉਹ ਅਨੇਕ ਲੋਕਾਂ ਨੂੰ ਭਵ-ਸਾਗਰ ਤੋਂ ਤਾਰੇਗਾ। ਮੈਂਨੂੰ ਤਾਂ ਉਹ ਵਿਸ਼ਣੂੰ ਵਾਂਗੂੰ ਦਿਖਾਈ ਦਿੰਦਾ ਹੈ। ਉਹ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ।"

ਪੰਡਿਤ ਹਰਦਿਆਲ ਜੀ ਦੇ ਇਨ੍ਹਾਂ ਸ਼ਬਦਾਂ ਨੂੰ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਅੰਕਿਤ ਕੀਤਾ ਹੈ : -

> ਸੁਨਿ ਕਾਲੂ ਤੂ ਮੂਲਹੁ ਭੂਲਾ। ਸੁਤ ਸੁਸ਼ੀਲ ਤੇ ਨਿਤ ਪ੍ਰਤਿਕੂਲਾ ॥੩੧॥ ਬਾਰ ਬਾਰ ਮੈਂ ਤੁਝ ਸਮਝਾਯੋ। ਜਗਤ ਉਧਾਰਨ ਹਿਤ ਇਹ ਆਯੋ। ਭਗਵਤ ਗੀਤਾ ਸਾਰ ਵਿਚਾਰਾ। ਕਰੈ ਪਢੇ ਬਿਨ ਸ਼ਬਦ ਉਚਾਰਾ ॥੩੨॥ ਜਿਨ ਮੋਕੋ ਸੁਭ ਦੀਨੋ ਗਜਾਨਾ। ਜਿਹ ਬਚ ਸੁਨ ਮਮ ਮਨ ਠਹਿਰਾਨਾ। ਲੋਕ ਉਧਾਰਨ ਕਰਹਿ ਅਨੇਕੂ। ਜਪਹਿ ਜਾਪ ਜੋ, ਪਾਇ ਬਿਬੇਕੂ ॥੩੩॥ ਮੁਝ ਕੋ ਦੀਸਤਿ ਬਿਸ਼ਨੁ ਸਮਾਨਾ। ਕਲਾਵਾਨਾ ਸਭਿ ਸੁਭ ਗੁਣਖਾਨਾ। [੧੪]

ਕਾਲੂ ਜੀ ਅੱਗੋਂ ਬੋਲੇ ਤਾਂ ਕੁੱਝ ਨਹੀਂ, ਪਰ ਉਨ੍ਹਾਂ ਦਾ ਗ਼ੁੱਸਾ ਸ਼ਾਂਤ ਵੀ ਨਹੀਂ ਹੋਇਆ। ਚੁੱਪ-ਚਾਪ ਉਹ ਆਪਣੇ ਘਰ ਪਰਤ ਗਏ।

ਕੁਲ-ਪੁਰੋਹਿਤ ਦੀ ਹੈਸੀਅਤ ਵਿੱਚ ਪੰਡਿਤ ਹਰਦਿਆਲ ਜੀ ਨੂੰ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵਿਆਹ ਵਿੱਚ ਸ਼ਾਮਿਲ ਹੋਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਉਸ ਸਮੇਂ ਪ੍ਰਚੱਲਿਤ ਰੀਤੀ ਅਨੁਸਾਰ, ਵਿਆਹ ਦੇ ਮੌਕੇ 'ਤੇ ਵਰ-ਪੱਖ ਦਾ ਗੋਤ੍ਰਾਚਾਰ ਪੰਡਿਤ ਹਰਦਿਆਲ ਜੀ ਨੇ ਹੀ ਪੜ੍ਹਿਆ ਸੀ।

---

[੧੪] ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਜਾਯ ੧੨।

ਇਹ ਪ੍ਰਸਿੱਧ ਹੈ ਕਿ ਗੁਰੂ ਸਾਹਿਬ ਜੀ ਨੇ ਵਿਆਹ ਕਰਨ ਲਈ ਆਪਣੀ ਨਵੀਂ ਰੀਤੀ ਦੱਸੀ । ਚੋਣਿਆਂ ਨੇ ਇਸ ਨਵੀਂ ਰੀਤੀ ਦਾ ਵਿਰੋਧ ਕੀਤਾ ਤੇ ਰਿਸ਼ਤਾ ਤੋੜ ਦੇਣ ਦੀ ਗੱਲ ਕਰਨ ਲੱਗੇ । ਅਜਿਹੀ ਸਥਿਤੀ ਵਿੱਚ ਭੰਡਾਰੀ ਗੋਤ ਦੇ ਖਤਰੀਆਂ ਨੇ ਕਿਹਾ ਕਿ ਉਹ ਗੁਰੂ ਸਾਹਿਬ ਜੀ ਨੂੰ ਰਿਸ਼ਤਾ ਦੇਣ ਲਈ ਤਿਆਰ ਹਨ । ਕਹਿੰਦੇ ਹਨ ਕਿ ਗੁਰੂ ਸਾਹਿਬ ਜੀ ਨੇ ਕਿਹਾ ਕਿ ਭੰਡਾਰੀ ਭਰੇ ਰਹਿਣਗੇ ਤੇ ਚੋਣੇ ਚੁਣੇ ਜਾਣਗੇ । ਭੰਡਾਰੀਆਂ ਵੱਲੋਂ ਰਿਸ਼ਤੇ ਦੀ ਸੰਭਾਵਨਾ ਦੇਖ ਕੇ ਚੋਣੇ ਵੀ ਗੁਰੂ ਸਾਹਿਬ ਜੀ ਅੱਗੇ ਝੁੱਕ ਗਏ ਤੇ ਗੁਰੂ ਜੀ ਦਾ ਹੁਕਮ ਮੰਨ ਲਿਆ ।

ਆਪਣੇ ਵਿਆਹ ਤੋਂ ਬਾਅਦ ਜਦੋਂ ਗੁਰੂ ਸਾਹਿਬ ਜੀ ਆਪਣੇ ਪਿੰਡ ਤਲਵੰਡੀ (ਹੁਣ ਸ੍ਰੀ ਨਨਕਾਣਾ ਸਾਹਿਬ ਜੀ) ਵਾਪਸ ਆਏ, ਤਾਂ ਉਨ੍ਹਾਂ ਨੇ ਪੰਡਿਤ ਹਰਦਿਆਲ ਜੀ ਨੂੰ ਆਪਣੇ ਕੋਲ ਬੁਲਾਇਆ ਤੇ ਰਸ-ਭਰੀ ਆਵਾਜ਼ ਵਿੱਚ ਆਖਿਆ, "ਜੋ ਤੁਹਾਡੇ ਮਨ ਦੀ ਇੱਛਾ ਹੋਏ, ਤੁਸੀਂ ਉਹ ਮੇਰੇ ਤੋਂ ਮੰਗ ਲਉ ।"

ਕਿੰਨੇ-ਕੁ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਦਾਤਾ ਜੀ ਨੇ ਖ਼ੁਦ ਆਪਣੇ ਕੋਲ ਬੁਲਾ ਕੇ ਕੁੱਝ ਮੰਗਣ ਲਈ ਆਖਿਆ ਹੋਏ? ਸਤਿਗੁਰੂ ਜੀ ਦੀ ਬਖ਼ਸ਼ਿਸ਼ ਦੇ ਭੰਡਾਰੇ ਪੰਡਿਤ ਹਰਦਿਆਲ ਜੀ ਲਈ ਖੁੱਲ੍ਹ ਗਏ ਸਨ । ਜਦੋਂ ਦਾਤਾ ਆਪ ਹੀ ਦਾਤ ਦੇਣਾ ਚਾਹੁੰਦਾ ਹੋਏ, ਤਾਂ ਫਿਰ ਦਾਤ ਲੈਣ ਵਿੱਚ ਕੋਈ ਸੰਕੋਚ ਵੀ ਨਹੀਂ ਹੁੰਦਾ । ਜਦੋਂ ਦਾਤਾ ਆਪ ਦਇਆਲਤਾ ਦਾ ਮੀਂਹ ਵਰਸਾ ਰਿਹਾ ਹੋਏ, ਤਾਂ ਕੋਈ ਛੋਟੀ ਦਾਤ ਮੰਗ ਕੇ ਘਾਟੇ ਦਾ ਸੌਦਾ ਪੰਡਿਤ ਹਰਦਿਆਲ ਜੀ ਵਰਗਾ ਬਜ਼ੁਰਗ ਵਿਅਕਤੀ ਨਹੀਂ ਕਰ ਸਕਦਾ ਸੀ । ਪੰਡਿਤ ਹਰਦਿਆਲ ਜੀ ਜਾਣਦੇ ਸਨ ਕਿ : -

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ [੧੫]

ਉਨ੍ਹਾਂ ਨੇ ਸੋਨਾ ਨਾ ਮੰਗਿਆ । ਉਨ੍ਹਾਂ ਨੇ ਚਾਂਦੀ ਨਾ ਮੰਗੀ । ਪ੍ਰਵੀਣ ਪੰਡਿਤ ਜੀ ਗੁਰੂ ਜੀ ਨੂੰ ਆਖਣ ਲੱਗੇ, "ਤੁਸੀਂ ਦੀਨਾਂ ਨੂੰ ਦਾਨ ਦੇਣ ਵਾਲੇ ਹੋ । ਤੁਸੀਂ ਆਪਣੀ ਜਿਤਨੀ ਮਹਿਮਾ ਮੈਂਨੂੰ ਦਿਖਾਉਣੀ ਸੀ, ਉਤਨੀ-ਕੁ ਮੈਂ ਦੇਖ ਸਕਿਆ ਹਾਂ । ਦ੍ਰਿਸ਼ਟਮਾਨ ਇਸ ਸਾਰੇ ਪਾਸਾਰੇ ਦੇ ਤੁਸੀਂ ਹੀ ਕਰਤਾ ਹੋ । ਤੁਸੀਂ ਪਰਮੇਸ਼ਵਰ ਹੋ । ਤੁਸੀਂ ਪਾਰਬ੍ਰਹਮ ਹੋ । ਤੁਸੀਂ ਸਤਿ, ਚਿੱਤ, ਅਨੰਦ ਹੋ । ਤੁਸੀਂ ਮੁਕਤੀ ਦੇ ਦਾਤਾ ਹੋ । ਤੁਹਾਡੀ ਲੀਲਾ ਭਗਤਾਂ ਨੂੰ ਸੁੱਖ ਦੇਣ ਵਾਲੀ ਹੈ । ਜਦੋਂ ਦਾ ਤੁਸੀਂ ਮੈਂਨੂੰ 'ਸੱਚਾ ਜੰਞੂ' ਦਿੱਤਾ ਹੈ, ਮੇਰਾ ਮਨ ਭਟਕਣਾ ਤੋਂ ਰਹਿਤ ਹੋ ਗਿਆ ਹੈ । ਮੇਰੇ ਮਨ ਵਿੱਚ ਹੋਰ ਕੋਈ ਇੱਛਾ ਬਾਕੀ ਨਹੀਂ ਰਹੀ । ਤੁਹਾਡੀ ਸੁੰਦਰ ਲੀਲਾ ਮੈਂ ਦੇਖੀ ਹੈ । ਹੁਣ ਮੇਰਾ ਸ਼ਰੀਰ ਬੁੱਢਾ ਹੋ ਗਿਆ ਹੈ । ਤਨ ਵਿੱਚ ਸ਼ਕਤੀ ਨਹੀਂ ਰਹੀ । ਹੁਣ ਤੁਸੀਂ ਮੈਂਨੂੰ ਮੁਕਤੀ ਦਾ ਦਾਨ ਬਖ਼ਸ਼ੋ ਜੀ ।"

ਪੰਡਿਤ ਜੀ ਦੇ ਅਜਿਹੇ ਵਚਨ ਸੁਣ ਕੇ ਸਤਿਗੁਰੂ ਜੀ ਹੱਸ ਕੇ ਬੋਲੇ, "ਹੇ ਸ੍ਰੇਸ਼ਟ ਬ੍ਰਾਹਮਣ ! ਤੁਹਾਡੀ ਬੁੱਧੀ ਧੰਨ ਹੈ । ਤੁਸੀਂ ਆਪਣੀ ਤਨ-ਹੰਗਤਾ, ਆਪਣੀ ਹਉਮੈ ਖ਼ਤਮ ਕਰ ਲਈ ਹੈ ।"

---

[੧੫] ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ ੯੩੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਸਭ ਵਿੱਚ ਇੱਕੋ ਪ੍ਰਭੂ ਦੀ ਜੋਤਿ ਵੇਖਣ ਵਾਲੇ ਪੰਡਿਤ ਹਰਦਿਆਲ ਜੀ ਆਪਣੀ ਹਉਮੈ ਦਾ ਨਾਸ਼ ਕਰ ਚੁੱਕੇ ਸਨ । ਉਹ ਸਹੀ ਅਰਥਾਂ ਵਿੱਚ 'ਪੰਡਿਤ' ਬਣ ਚੁੱਕੇ ਸਨ : -

ਙੰਙੈ ਙਿਆਨੁ ਬੂਝੈ ਜੋ ਕੋਈ ਪੜਿਆ ਪੰਡਿਤੁ ਸੋਈ ॥
ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ [੧੬]

ਗੁਰੂ ਜੀ ਬੋਲੇ, "ਹੇ ਸਿਆਣੀ ਬੁੱਧੀ ਵਾਲੇ, ਤੁਸੀਂ ਮੁਕਤੀ ਪ੍ਰਾਪਤ ਕਰੋਗੇ । ਜਿਵੇਂ ਹਾਥੀ ਬਿਨਾਂ ਕਿਸੇ ਦੁੱਖ ਦੇ ਆਪਣੇ ਗਲ਼ ਵਿੱਚੋਂ ਮਾਲਾ ਉਤਾਰ ਕੇ ਸੁੱਟ ਦਿੰਦਾ ਹੈ, ਤਿਵੇਂ ਹੀ ਤੁਸੀਂ ਆਪਣੇ ਸਰੀਰ ਦਾ ਤਿਆਗ ਕਰ ਕੇ ਸੱਚਖੰਡ ਵਿੱਚ ਵਾਸ ਕਰੋਗੇ ।"

ਨਾਮ-ਧਨ ਦੇ ਨਾਲ-ਨਾਲ ਗੁਰੂ ਜੀ ਨੇ ਇਸ ਮੌਕੇ 'ਤੇ ਪੰਡਿਤ ਹਰਦਿਆਲ ਜੀ ਨੂੰ ਬਹੁਤ ਸਾਰਾ ਦੁਨੀਆਵੀ ਧਨ ਵੀ ਦਿੱਤਾ । ਸਤਿਗੁਰੂ ਜੀ ਦੀ ਭਰਪੂਰ ਕ੍ਰਿਪਾ-ਦ੍ਰਿਸ਼ਟੀ ਪੰਡਿਤ ਹਰਦਿਆਲ ਜੀ 'ਤੇ ਸੀ । ਪੰਡਿਤ ਜੀ ਨੂੰ ਸੱਚੇ ਗਿਆਨ ਦੀ ਪ੍ਰਾਪਤੀ ਹੋ ਗਈ । ਉਨ੍ਹਾਂ ਨੇ ਆਪਣਾ ਆਤਮਿਕ ਰੂਪ ਪਹਿਚਾਣ ਲਿਆ । ਆਪਣੀ ਤਨ-ਹੰਗਤਾ ਦਾ ਉਨ੍ਹਾਂ ਨੇ ਤਿਆਗ ਕਰ ਦਿੱਤਾ ।

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਵਿੱਚ ਅਟੱਲ ਨਿਸ਼ਚਾ ਰੱਖਣ ਵਾਲੇ ਪੰਡਿਤ ਹਰਦਿਆਲ ਜੀ ਨੇ ਅਮੋਲਕ ਸੁੱਖ ਪ੍ਰਾਪਤ ਕਰ ਲਿਆ ।

---

[੧੬] ਰਾਗੁ ਆਸਾ ਮਹਲਾ ੧ ਪਟੀ ਲਿਖੀ, ਪੰਨਾ ੪੩੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।